# ਕਬਿ ਕਲ ਸੁਜਸੁ ਗਾਵਉ ਗੁਰ ਨਾਨਕ-੫

ਪਿਛਲੇ ਚਾਰ ਅੰਕ ਜੋੜ ਕੇ ਪੜ੍ਹੋ ਜੀ। ਇਹ, 'ਸਵਈਏ ਮਹਲੇ ਪਹਿਲੇ ਕੇ' ਬਾਣੀ ਵਿਚ ਅਗਲੇ, ਅਠਵੇਂ ਸਵਈਏ ਦੀ ਵਿਆਖਿਆ ਹੈ:

**ਗੁਣ ਗਾਵੈ ਰਵਿਦਾਸੁ ਭਗਤੁ ਜੈਦੇਵ ਤ੍ਰਿਲੋਚਨ।।**

-- ਗੁਰੂ ਨਾਨਕ ਸਾਹਿਬ ਦੇ ਗੁਣ ਭਗਤ ਰਵਿਦਾਸ ਜੀ, ਭਗਤ ਜੈਦੇਵ ਜੀ, ਭਗਤ ਤ੍ਰਿਲੋਚਨ ਜੀ ਵੀ ਗਾਉਂਦੇ ਹਨ।

ਹੁਣ ਤਕ ਕਵੀ ਭੱਟ ਕਲਸਹਾਰ ਜੀ ਉਨ੍ਹਾਂ, ਪਿਛਲੇ ਜੁਗਾਂ ਦੇ ਰਿਖੀਆਂ ਮੁਨੀਆਂ ਭਗਤਾਂ ਦੇ, ਗੁਰੂ ਨਾਨਕ ਸਾਹਿਬ ਦੇ ਗੁਣਾਂ ਦਾ ਸਿਮਰਣ ਕਰਣ ਬਾਰੇ ਕਹਿ ਆਏ ਹਨ, ਜਿਨ੍ਹਾਂ ਨੂੰ ਕਈ ਅਜੋਕੇ 'ਵਿਦਵਾਨ' ਮਿਥਿਹਾਸਕ ਮੰਨਦੇ ਹਨ। ਭਗਤ ਪ੍ਰਹਿਲਾਦ, ਧ੍ਰੂ, ਜਨਕ, ਸਨਕ ਆਦਿ, ਸਿਧ ਆਦਿ, ਰਿਖੀ ਧੋਮ, ਕਪਿਲ, ਮਹਾਭਾਰਤ ਅਤੇ ਰਾਮਾਇਣ ਕਾਲ ਦੇ ਰਿਖੀ ਮੁਨੀ ਭਗਤ, ਸ਼ੇਸ਼ਨਾਗ ਆਦਿ, ਸਾਰੇ ਮਿਥਿਹਾਸ ਦਾ ਹਿਸਾ ਕਹੇ ਜਾਂਦੇ ਹਨ। ਪਰ ਕਲ ਸਹਾਰ ਜੀ ਨੇ ਉਨ੍ਹਾਂ ਨੂੰ ਵਿਦਵਾਨਾਂ ਦੇ ਅਖਉਤੀ ਇਤਿਹਾਸਕ ਹਸਤੀਆਂ ਨਾਲ ਹੀ ਸ਼ਾਮਲ ਕੀਤਾ ਹੈ, ਕੋਈ ਵਖਰੇਵਾਂ ਨਹੀਂ ਕੀਤਾ। ਭਗਤ ਜੈਦੇਵ ਜੀ ਦਾ ਸਮਾਂ ੧੧੭੦-੧੨੪੫ ਦਾ ਹੈ। ਇਨ੍ਹਾਂ ਦਾ ਸਥਾਨ ਉੜੀਸਾ ਹੈ। ਇਹ ਸਭ ਤੋਂ ਪੁਰਾਤਨ ਭਗਤ ਹਨ ਜਿਨ੍ਹਾਂ ਦੇ ਦੋ ਸ਼ਬਦ, ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ। ਭਗਤ ਤ੍ਰਿਲੋਚਨ ਜੀ ਦਾ ਜਨਮ ੧੨੬੯ ਦਾ ਮੰਨਿਆਂ ਜਾਂਦਾ ਹੈ। ਇਹ ਸ਼ੋਲਾਪੁਰ, ਮਹਾਰਾਸ਼ਟਰ ਦੇ ਵਸਨੀਕ ਸਨ। ਇਨ੍ਹਾਂ ਦੇ ਪੰਜ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਸੁਭਾਇਮਾਨ ਹਨ। ਭਗਤ ਰਵਿਦਾਸ ਜੀ ਦਾ ਸਮਾਂ ੧੩੯੮-੧੫੪੦ ਦਾ ਮੰਨਿਆਂ ਜਾਂਦਾ ਹੈ। ਇਨ੍ਹਾਂ ਦਾ ਸਥਾਨ ਬਨਾਰਸ ਹੈ। ਇਨ੍ਹਾਂ ਦੇ ਇਕਤਾਲੀ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਸੁਭਾਇਮਾਨ ਹਨ।

**ਨਾਮਾ ਭਗਤੁ ਕਬੀਰੁ ਸਦਾ ਗਾਵਹਿ ਸਮ ਲੋਚਨ।।**

-- ਸ੍ਰੀ ਗੁਰੂ ਨਾਨਕ ਸਾਹਿਬ ਨੂੰ ਸਾਰਿਆਂ ਲਈ ਸਮ ਦ੍ਰਿਸ਼ਟੀ ਵਾਲਾ ਜਾਣ ਕੇ, ਭਗਤ ਨਾਮਦੇਵ ਜੀ, ਭਗਤ ਕਬੀਰ ਜੀ ਵੀ ਮਹਾਰਾਜ ਦੇ ਗੁਣ ਗਾਉਂਦੇ ਹਨ।

ਭਗਤ ਨਾਮਦੇਵ ਜੀ ਦਾ ਸਮਾਂ ੧੨੭੦-੧੩੫੦ ਤਕ ਦਾ ਹੈ। ਇਹ ਨਰਸੀ,

ਮਹਾਰਾਸ਼ਟਰ ਵਿਚ ਪ੍ਰਗਟੇ। ਪੰਡਰਪੁਰ ਵਿਖੇ ਚੜ੍ਹਾਈ ਕੀਤੀ। ਕੁਝ ਵਿਦਵਾਨਾਂ ਅਨੁਸਾਰ ਇਹ ਪੰਜਾਬ ਵੀ ਆਏ ਸਨ। ਕਿਹਾ ਜਾਂਦਾ ਹੈ ਕਿ ਇਹ ਘੁਮਾਣ ਪਿੰਡ, ਜ਼ਿਲਾ ਗੁਰਦਾਸਪੁਰ ਵਿਖੇ ਆਖਰੀ ਵੀਹ ਸਾਲ ਰਹੇ ਅਤੇ ਇਥੇ ਹੀ ਸਰੀਰ ਤਿਆਗਿਆ। ਉਥੇ ਉਨ੍ਹਾਂ ਦੀ ਸਮਾਧਿ ਵੀ ਮਿਲਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਦੇ ੬੨ ਸ਼ਬਦ ਮੌਜੂਦ ਹਨ।

ਭਗਤ ਕਬੀਰ ਜੀ ਦਾ ਸਮਾਂ ੧੪੪੦ ਤੋਂ ੧੫੧੮ ਤਕ ਦਾ ਹੈ। ਇਹ ਸ੍ਰੀ ਗੁਰੂ ਨਾਨਕ ਸਾਹਿਬ ਦੇ ਸਮੇਂ ਵਿਚ ਸਰੀਰ ਕਰਕੇ ਮੌਜੂਦ ਸਨ। ਇਨ੍ਹਾਂ ਦਾ ਸਥਾਨ ਬਨਾਰਸ ਅਤੇ ਆਸ ਪਾਸ ਦਾ ਹੈ। ਇਨ੍ਹਾਂ ਨੇ ਮੱਕਾ ਵਲ ਦੀ ਯਾਤਰਾ ਵੀ ਕੀਤੀ। ਇਹ ਵੀ ਮੰਨਿਆਂ ਜਾਂਦਾ ਹੈ ਕਿ ਇਨ੍ਹਾਂ ਦਾ ਸ੍ਰੀ ਗੁਰੂ ਨਾਨਕ ਸਾਹਿਬ ਨਾਲ ਮੇਲ ਵੀ ਹੋਇਆ ਸੀ। ਭਗਤ ਸਾਹਿਬਾਨ ਵਿਚੋਂ, ਸਭ ਤੋਂ ਵਧ ਇਨ੍ਹਾਂ ਦੀ ਬਾਣੀ, ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ।

ਜਿਹੜੀ ਮਤ ਨਾਲ ਭਗਤ ਜੈਦੇਵ, ਭਗਤ ਨਾਮਦੇਵ, ਤ੍ਰਿਲੋਚਨ, ਕਬੀਰ, ਨੇ ਲਈ, ਉਸੇ ਮਤ ਨਾਲ ਰਿਖੀ ਅਮਰੀਕ, ਭਗਤ ਪ੍ਰਹਿਲਾਦ ਨੇ ਗੋਬਿੰਦ ਦੀ ਸ਼ਰਣ ਲੈ ਕੇ ਪਰਮ ਗਤੀ ਪ੍ਰਾਪਤ ਕੀਤੀ - 'ਜਿ ਮਤਿ ਗਹੀ ਜੈਦੇਵਿ ਜਿ ਮਤਿ ਨਾਮੈ ਸੰਮਾਣੀ।। ਜਿ ਮਤਿ ਤ੍ਰਿਲੋਚਨ ਚਿਤਿ ਭਗਤ ਕੰਬੀਰਹਿ ਜਾਣੀ।।..ਅੰਮਰੀਕਿ ਪ੍ਰਹਲਾਦਿ ਸਰਣਿ ਗੋਬਿੰਦ ਗਤਿ ਪਾਈ।।', ਪੰਨਾ ੧੩੯੪. ਭਗਤ ਰਵਿਦਾਸ ਜੀ ਦੇ ਵੀ, ਪੰਨਾ ੬੫੯ ਤੇ, ਇੰਵ ਹੀ ਬਚਨ ਹਨ - 'ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ।।' ਭਾਵ, ਸਾਰਿਆਂ ਨੇ ਗੁਰੂ ਨਾਨਕ (ਗੁਰ-ਜੋਤਿ) ਦੀ ਸ਼ਰਣ ਲਈ।

**ਭਗਤੁ ਬੇਣਿ ਗੁਣ ਰਵੈ ਸਹਜਿ ਆਤਮ ਰੰਗੁ ਮਾਣੈ।।**

**ਜੋਗ ਧਿਆਨਿ ਗੁਰ ਗਿਆਨਿ ਬਿਨਾ ਪ੍ਰਭ ਅਵਰੁ ਨ ਜਾਣੈ।।**

-- ਭਗਤ ਬੇਣੀ ਵੀ ਗੁਰੂ ਨਾਨਕ ਦੇ ਗੁਣਾਂ ਦਾ ਜਾਪ ਕਰਨ ਕਰ ਕੇ ਸਹਿਜ ਅਵੱਸਥਾ ਵਿਚ ਨਾਮ ਦਾ ਰੰਗ ਮਾਣਦਾ ਹੈ।

ਮੰਨਿਆਂ ਜਾਂਦਾ ਹੈ ਕਿ ਭਗਤ ਬੇਣੀ ਜੀ ਦਾ ਸਮਾਂ ਪੰਦਰ੍ਹਵੀਂ ਸਦੀ ਦੇ ਅੱਧ ਤੋਂ ਸੋਲ੍ਹਵੀਂ ਸਦੀ ਦੇ ਅੱਧ ਤਕ ਦਾ ਹੈ। ਇਹ ਉਤਰ ਭਾਰਤ ਦੇ ਵਸਨੀਕ ਸਨ। ਇਸ ਹਿਸਾਬ ਨਾਲ ਇਹ ਸ੍ਰੀ ਗੁਰੂ ਨਾਨਕ ਸਾਹਿਬ ਦੇ ਸਮਕਾਲੀ ਹਨ। ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਦੇ ਤਿੰਨ ਸ਼ਬਦ ਹਨ।

-- ਇਹ ਸਾਰੇ ਭਗਤ, ਜੋਗ ਸਾਧਨਾ, ਭਾਵ ਬੰਦਗੀ ਵਿਚ ਜੁੜਨ ਲਈ ਗੁਰੂ ਨਾਨਕ ਦੇ ਗਿਆਨ ਤੋਂ ਬਗ਼ੈਰ ਅਤੇ ਪ੍ਰਭੂ ਤੋਂ ਬਿਨਾਂ ਉਹ ਕਿਸੇ ਨੂੰ ਕੁਝ ਨਹੀਂ ਸਨ ਜਾਣਦੇ।

ਭਾਵ, ਇਨ੍ਹਾਂ ਸਾਰੇ, ਪੁਰਾਤਨ ਤੇ ਅਜੋਕੇ ਭਗਤਾਂ, ਰਿਖੀਆਂ, ਮੁਨੀਆਂ ਲਈ **ਗੁਰੂ ਨਾਨਕ** (ਗੁਰ-ਜੋਤਿ) **ਅਤੇ ਪ੍ਰਭੂ** ਹੀ ਸਭ ਕੁਝ ਸਨ। **ਗੁਰੂ ਨਾਨਕ ਦੇ ਗਿਆਨ ਦੇ ਆਸਰੇ, ਪ੍ਰਭੂ ਨੂੰ ਜਪਦੇ ਸਨ, ਤਾਂ ਹੀ ਤਾਂ ਪਰਮ ਪਦ ਨੂੰ ਪ੍ਰਾਪਤ ਹੋਏ।**

**ਸੁਖਦੇਉ ਪਰੀਖ੍ਤੁ ਗੁਣ ਰਵੈ ਗੋਤਮ ਰਿਖਿ ਜਸੁ ਗਾਇਓ।।**

-- ਰਿਖੀ ਸੁਕਦੇਵ ਅਤੇ ਰਾਜਾ ਪਰੀਖਤ ਵੀ ਗੁਰੂ ਨਾਨਕ ਦੇ ਗੁਣ ਗਾ ਰਹੇ ਹਨ ਅਤੇ ਗੌਤਮ ਰਿਖੀ ਵੀ ਉਸ ਗੁਰੂ ਨਾਨਕ ਦਾ ਜੱਸ ਗਾ ਰਹੇ ਹਨ।

ਰਿਖੀ ਸੁਕਦੇਵ, ਸ੍ਰੀ ਕ੍ਰਿਸ਼ਨ ਜੀ ਦਾ ਭਗਤ ਸੀ ਅਤੇ ਉਸ ਤੇ ਬਹੁਤ ਕਿਰਪਾ ਸੀ। ਪੰਜਵੇਂ ਪਾਤਸ਼ਾਹ, ਸ੍ਰੀ ਗੁਰੂ ਅਰਜਨ ਸਾਹਿਬ ਦੇ, ਪੰਨਾ ੨੯੮ ਤੇ ਬਚਨ ਹਨ ਕਿ ਨਾਰਦ ਮੁਨੀ, ਭਗਤ ਸੁਕਦੇਵ ਅਤੇ ਰਿਖੀ ਵਿਆਸ, ਗੋਬਿੰਦ ਦਾ ਜਸ ਗਾਉਂਦੇ ਹਨ - '**ਨਾਰਦ ਮੁਨਿ ਜਨ ਸੁਕ ਬਿਆਸ ਜਸੁ ਗਾਵਤ ਗੋਬਿੰਦ।।**' ਇਨ੍ਹਾਂ ਸਾਰੀਆਂ ਪੰਕਤੀਆਂ ਦਾ ਸਾਫ਼ ਭਾਵ ਹੈ ਕਿ ਇਨ੍ਹਾਂ ਸਾਰੇ ਮਹਾਂਪੁਰਖਾਂ ਨੇ ਉਸ ਸਮੇਂ ਕ੍ਰਿਸ਼ਨ-ਭਗਤੀ ਕੀਤੀ ਅਤੇ ਕਵੀ ਕਲਸਹਾਰ ਦੇ ਅਨੁਸਾਰ ਇਹ, ਗੁਰੂ ਨਾਨਕ ਦਾ ਜਸ ਗਾਉਂਦੇ ਹਨ, ਸੋ ਗੁਰੂ ਨਾਨਕ ਹੀ ਦੁਆਪਰ ਵਿਚ ਸ੍ਰੀ ਕ੍ਰਿਸ਼ਨ ਜੀ ਸਨ ਅਤੇ ਉਨ੍ਹਾਂ ਦੇ ਨਾਰਾਇਣ ਹੋਣ ਕਰ ਕੇ, ਸਾਰੇ ਭਗਤ, ਗੁਰੂ ਨਾਨਕ ਦੀ ਹੀ ਭਗਤੀ ਕਰਦੇ ਹਨ। ਮੈਥਸ ਦਾ ਸਾਧਾਰਣ ਸਮੀਕਰਣ ਹੈ - A=B ਅਤੇ B=C. ਸੋ A=C. ਕੋਈ ਨਾ ਮੰਨੇ ਤਾਂ ਇਹ ਮੈਥਸ ਦਾ ਸਮੀਕਰਣ ਵੀ ਗਲਤ ਹੈ, ਸਾਰੀ ਵਿਦਿਆ ਹੀ ਗਲਤ ਹੈ।

ਭਗਤ ਕਬੀਰ ਜੀ, ਪੰਡਤ ਦੇ ਪਖੰਡਾਂ ਦੀ ਨਿਖੇਧੀ ਕਰਦਿਆਂ, ਉਸ ਨੂੰ ਨਾਮ ਜਪਣ ਦਾ ਉਪਦੇਸ਼ ਦਿਤਾ ਅਤੇ ਕਿਹਾ ਕਿ ਜੇ ਮੇਰੀ ਨਹੀਂ ਮੰਨਣੀ ਤਾਂ ਉਨ੍ਹਾਂ ਰਿਖੀਆਂ ਮੁਨੀਆਂ ਨੂੰ ਹੀ ਮੰਨ ਲੈ, ਜਿਨ੍ਹਾਂ ਦੀ ਤੂੰ ਗਲ ਕਰਦਾ ਹੈਂ ਅਤੇ ਜਿਨ੍ਹਾਂ ਨੇ, ਤੇਰੇ ਪਵਿਤ੍ਰ ਠਹਿਰਾਏ ਧਰਮ ਗ੍ਰੰਥ ਲਿਖੇ ਹਨ, ਉਹ ਹਨ ਨਾਰਦ, ਬਿਆਸ ਅਤੇ ਸੁਕਦੇਵ ਆਦਿ - 'ਨਾਰਦ ਬਚਨ ਬਿਆਸੁ ਕਹਤ ਹੈ ਸੁਕ ਕਉ ਪੂਛਹੁ ਜਾਈ।। ਕਹਿ ਕਬੀਰ ਰਾਮੈ ਰਮਿ ਛੂਟਹੁ ਨਾਹਿ ਤ ਬੂਡੇ ਭਾਈ।।'

## ਕਬਿ ਕਲ ਸੁਜਸੁ ਨਾਨਕ ਗੁਰ ਨਿਤ ਨਵਤਨੁ ਜਗਿ ਛਾਇਓ।।੮।।

-- ਕਵੀ ਕਲਸਹਾਰ ਜੀ ਫ਼ੁਰਮਾਣ ਕਰਦੇ ਹਨ ਕਿ ਗੁਰੂ ਨਾਨਕ ਦਾ ਸੋਹਣਾ ਜਸ, ਹਰ ਆਉਣ ਵਾਲੇ ਸਮੇਂ ਵਿਚ ਨਵਾਂ ਹੁੰਦਾ ਹੈ, ਹਰ ਜੁਗ ਵਿਚ ਨਵਾਂ ਹੁੰਦਾ ਹੈ ਅਤੇ ਸਾਰੇ ਜਗ ਤੇ ਛਾ ਜਾਂਦਾ ਹੈ।

ਮਹਾਰਾਜ ਨੇ ਹਰ ਜੁਗ ਵਿਚ ਆ ਕੇ ਧਰਮ ਦੀ ਨਵੇਂ ਸਿਰਿਓਂ ਸਥਾਪਨਾ ਕੀਤੀ, ਹਰ ਹਾਲ ਵਿਚ, ਭਗਤਾਂ ਦੀ ਰਖਿਆ ਕੀਤੀ, ਜੋ ਉਸ ਦਾ ਮੁਢ ਕਦੀਮਾਂ ਤੋਂ ਬਿਰਦ ਰਿਹਾ ਹੈ, ਭਾਵੇਂ ਉਸ ਨੂੰ, ਕੁਦਰਤ ਦੇ ਸਾਰੇ ਕਾਨੂੰਨ, ਮਾਇਆ ਆਦਿ ਨੂੰ ਛਿੱਕੇ ਟੰਗ ਕੇ, ਨਰਸਿੰਘ ਦਾ ਰੂਪ ਧਾਰਨਾ ਪਿਆ ਹੋਵੇ, ਜਿਵੇਂ ਪ੍ਰਹਿਲਾਦ ਭਗਤ ਦੀ ਰਾਖੀ ਲਈ ਪਹਾੜ ਦੀ ਉਚਾਈ, ਰੁਖ, ਜਲ, ਅਗਨੀ ਆਦਾ ਸਭ ਤਤਾਂ ਦੇ ਸੁਭਾਉ ਤਕ ਬਦਲ ਛੱਡੇ ਪਰ ਹਰ ਹਾਲ ਵਿਚ ਆਪਣੇ ਭਗਤ ਦੀ ਪ੍ਰਤੀਪਾਲਣਾ ਕੀਤੀ - 'ਗਿਰਿ ਤਰ ਜਲ ਜੁਆਲਾ ਭੈ ਰਾਖਿਓ **ਰਾਜਾ ਰਾਮਿ ਮਾਇਆ ਫੇਰੀ**।।' ਭਾਵੇਂ ਮੋਹਣੀ ਦਾ ਰੂਪ ਧਾਰਣਾ ਪਿਆ, ਭਾਵੇਂ ਦੇਹੁਰਾ ਘੁਮਾਣਾ ਪਿਆ, ਭਾਵੇਂ ਗਰੁੜ ਤੇ ਚੜ੍ਹ ਕੇ ਮੂਈ ਗਊ ਜੀਵਾਣੀ ਪਈ ਹੋਵੇ, ਦੁਸ਼ਟਾਂ ਦਾ ਕਿਵੇਂ ਵੀ ਨਾਸ ਕਰਨਾ ਪਿਆ ਹੋਵੇ, ਭਾਵੇਂ ਕੁਝ ਵੀ ਕਰਨਾ ਪਿਆ ਹੋਵੇ, ਉਸ ਨੇ ਹਰ ਜੁਗ ਵਿਚ ਆਪਣੇ ਇਸ ਬਿਰਦ ਦੀ ਪਾਲਣਾ ਕੀਤੀ - 'ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ।। ਹਰਨਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ।। ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ।।', ਪੰਨਾ ੪੫੧.

ਹਰ ਜੁਗ ਵਿਚ ਗੁਰੂ ਨਾਨਕ ਪਾਤਸ਼ਾਹ ਨੇ ਨਵੇਂ ਕੀਰਤੀਮਾਨ ਸਥਾਪਤ ਕੀਤੇ, ਉਸ ਦੀ ਵਡਿਆਈ ਹਮੇਸ਼ਾਂ, ਸਾਰੇ ਜਗ ਵਿਚ, ਨਵੀਂ ਹੀ ਰਹੀ ਅਤੇ ਹੋਰ ਨਵੀਂ ਹੀ ਹੋਵੇਗੀ। ਪੰਜਵੇਂ ਪਾਤਸ਼ਾਹ ਦੇ, ਪੰਨਾ ੬੧੧ ਤੇ ਬਚਨ ਹਨ ਕਿ ਗੁਰੂ ਨਾਨਕ ਦੀ ਵਡਿਆਈ, ਸਾਰੇ ਜੁਗਾਂ ਵਿਚ ਪ੍ਰਗਟ ਹੁੰਦੀ ਆਈ ਹੈ - 'ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ।।'

